ਵੰਨਸੁਵੰਨ

5th July 98

# ਗੋਦ ਲਏ ਨਾਟਕ: ਵਿਕਾਸ ਲਈ ਵਰਦਾਨ ਜਾਂ ਰੁਕਾ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਆਧੁਨਿਕ ਪੰਜਾਬੀ ਨਾਟਕ ਦਾ ਮੁੱਢ ਜੇ 1914 ਤੋਂ ਮੰਨੀਏ ਤਾਂ ਇਨ੍ਹਾਂ 84 ਸਾਲਾਂ ਦੇ ਸਫਰ ਦੇ ਤਕਰੀਬਨ 70 ਸਾਲ ਐਸੇ ਹਨ, ਜਦੋਂ ਪੰਜਾਬੀ ਨਾਟਕ ਮੰਚਨ ਵਿਚ ਮੌਲਿਕ ਨਾਟਕਾਂ ਦੀ ਪ੍ਰਧਾਨਤਾ ਰਹੀ। ਆਈ. ਸੀ. ਨੰਦਾ, ਹਰਚਰਨ ਸਿੰਘ, ਸੇਖੋਂ, ਬਲਵੰਤ ਗਾਰਗੀ, ਗੁਰਦਿਆਲ ਸਿੰਘ ਖੋਸਲਾ, ਗੁਰਦਿਆਲ ਸਿੰਘ ਫੁੱਲ ਕਪੂਰ ਸਿੰਘ ਘੁੰਮਣ, ਹਰਸਰਨ ਸਿੰਘ, ਸੁਰਜੀਤ ਸਿੰਘ ਸੇਠੀ, ਗੁਰਚਰਨ ਸਿੰਘ ਜਸੂਜਾ ਨੇ ਆਪਣੇ ਆਪਣੇ ਦੌਰ ਵਿਚ ਸਾਨੂੰ ਸ਼ਾਹਕਾਰ ਨਾਟਕ ਦਿੱਤੇ ਜੋ ਪੜ੍ਹਨ ਵਿਚ ਵੀ ਮਕਬੂਲ ਹੋਏ ਅਤੇ ਸਟੇਜ ਉਤੇ ਵੀ ਸਫਲਤਾ ਨਾਲ ਕੀਤੇ ਗਏ।

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਦੇ ਮੰਚਣ ਨਾਟਕਾਂ ਵਿਚ ਇਕ ਨਵਾਂ ਰੁਝਾਨ ਵੇਖਣ ਨੂੰ ਆ ਰਿਹਾ ਹੈ। ਅਜਮੇਰ ਸਿੰਘ ਔਲਖ, ਚਰਨ ਦਾਸ ਸਿੱਧੂ, ਡਾ. ਆਤਮਜੀਤ, ਪਾਲੀ ਭੁਪਿੰਦਰ, ਜਤਿੰਦਰ ਬਰਾੜ ਵਲੋਂ ਜਿਥੇ ਮੌਲਿਕ ਨਾਟਕ ਲਿਖੇ ਜਾ ਰਹੇ ਹਨ, ਉਥੇ ਪੰਜਾਬੀ ਸਾਹਿਤ ਦੀਆਂ ਹੋਰ ਕਲਾਸਕੀ ਕਿਰਤਾਂ ਨੂੰ ਵੀ ਨਾਟਕੀ ਰੂਪ ਦੇ ਕੇ ਮੰਚਨ ਕੀਤਾ ਜਾ ਰਿਹਾ ਹੈ। ਇਹ ਨਾਟਕੀ ਰੂਪ ਮੰਚ ਉਤੇ ਸਫਲ ਵੀ ਹੋਏ ਹਨ ਅਤੇ ਮਕਬੂਲ ਵੀ ਹੋਏ ਹਨ। ਅੱਜ ਦੇ ਪੰਜਾਬੀ ਨਾਟਕ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਇਨ੍ਹਾਂ ਗੋਦ ਲਏ ਨਾਟਕਾਂ ਦਾ ਜ਼ਿਕਰ ਜ਼ਰੂਰੀ ਹੋ ਜਾਂਦਾ ਹੈ।

ਭਾਵੇਂ ਨਾਟਕ ਆਪਣੇ-ਆਪ ਵਿਚ ਸਾਹਿਤ ਦਾ ਹੀ ਇਕ ਰੂਪ ਹੈ ਪਰ ਇਹ ਕਹਾਣੀ, ਨਾਵਲ, ਕਵਿਤਾ ਤੋਂ ਇਕ ਗੱਲੋਂ ਵੱਖ ਵੀ ਹੈ। ਇਹ ਪਾਠਕਾਂ ਤਕ ਮਹਿਦੂਦ ਨਹੀਂ ਰਹਿੰਦਾ, ਇਹ ਦਰਸ਼ਕਾਂ ਤਕ ਵੀ ਪੁੱਜਦਾ ਹੈ। ਇਸ ਪੱਖੋਂ ਇਹ ਫਿਲਮ ਕਲਾ ਦੇ ਨੇੜੇ ਜਾ ਪੁੱਜਦਾ ਹੈ। ਫਿਲਮਾਂ ਦਾ ਦੌਰ ਸ਼ੁਰੂ ਹੋਣ ਉਤੇ ਫਿਲਮਸਾਜ਼ਾਂ ਨੇ ਸਾਹਿਤ ਦੀਆਂ ਕਲਾਸਕੀ ਕਿਰਤਾਂ ਲੈ ਕੇ ਫਿਲਮਾਂ ਬਣਾਈਆਂ ਤਾਂ ਉਹ ਕਿਰਤਾਂ ਲੱਖਾਂ ਲੋਕਾਂ ਤਕ ਪੁੱਜੀਆਂ। ਲੱਖਾਂ ਲੋਕ ਜਿਨ੍ਹਾਂ ਵਿਚ ਸਾਧਾਰਨ ਲੋਕ ਸ਼ਾਮਲ ਸਨ, ਜੋ ਕਿਤਾਬਾਂ ਤਕ ਨਹੀਂ ਪੁੱਜ ਸਕਦੇ ਸਨ, ਟਾਲਸਟਾਏ, ਬਾਲਜਾਕ, ਦੋਸਤੋਵਸਕੀ, ਜ਼ੋਲਾ ਦੀ ਪਛਾਣ ਉਨ੍ਹਾਂ ਨੂੰ ਹੋਈ। ਸਾਡੇ ਦੇਸ਼ ਵਿਚ ਵੀ ਦੇਵਦਾਸ ਫਿਲਮ ਰਾਹੀਂ ਸ਼ਰਤਚੰਦਰ ਬੰਗਾਲ ਤੋਂ ਬਾਹਰ ਜਾਣਿਆ ਗਿਆ। ਪੰਜਾਬੀ ਸਾਹਿਤ ਉਤੇ ਆਧਾਰਿਤ ਹਾਲੇ ਤਕ ਕੋਈ ਐਸੀ ਫਿਲਮ ਨਹੀਂ ਬਣ ਸਕੀ, ਜੋ ਕਲਾਸਕੀ ਦਰਜੇ ਦਾ ਦਾਅਵਾ ਕਰ ਸਕੇ ਪਰ ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਪੰਜਾਬੀ ਸਾਹਿਤ ਵਿਚ ਉਹ ਕਿਰਤਾਂ ਬਣ ਸਕਦੀਆਂ ਹਨ। ਹਾਲੇ ਇਥੇ ਅਸੀਂ ਗੋਦ ਲਏ ਨਾਟਕਾਂ ਦਾ ਹੀ ਜ਼ਿਕਰ ਕਰਦੇ ਹਾਂ।

ਅੱਜ ਤੋਂ 26 ਸਾਲ ਪਹਿਲਾਂ ਨਾਨਕ ਸਿੰਘ ਦੇ ਦਿਹਾਂਤ ਤੋਂ ਬਾਅਦ ਉਨ੍ਹਾਂ ਦੇ ਨਾਵਲ 'ਕੋਈ ਹਰਿਆ, ਬੂਟ ਰਹਿਓ ਰੀ' ਉਤੇ ਆਧਾਰਿਤ ਮੈਂ ਆਪ ਇਕ ਨਾਟਕ ਦੀ ਸਕਰਿਪਟ ਤਿਆਰ ਕੀਤੀ। ਉਸ ਨਾਟਕ ਦਾ ਮੰਚਨ ਮੈਂ ਅੰਮ੍ਰਿਤਸਰ, ਪਟਿਆਲਾ, ਦਿੱਲੀ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਕੀਤਾ। ਅਲਾਹਾਬਾਦ ਹੋਏ ਕੁੱਲ ਹਿੰਦ ਨਾਟਕ ਮੇਲੇ ਵਿਚ ਉਹਨੂੰ ਸਰਵਉੱਤਮ ਤਜਰਬਾ ਨਾਟਕ ਦਾ ਸਨਮਾਨ ਦਿੱਤਾ ਗਿਆ। ਉਸ ਨੂੰ ਮੈਂ ਇਕ ਨਾਵਲ ਦਾ 'ਨਾਟਕੀ ਪਾਠ' ਦਾ ਨਾਂ ਦਿੱਤਾ। ਇਸ ਨਾਟਕ ਦਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੈਗਜ਼ੀਨਾਂ ਅਤੇ ਅਖ਼ਬਾਰਾਂ ਵਿਚ ਚਰਚਾ ਹੋਇਆ। ਨਾਨਕ ਸਿੰਘ ਦੀ ਮਹਾਨਤਾ ਤਾਂ ਅਸੀਂ ਪੰਜਾਬੀ ਲੋਕ ਜਾਣਦੇ ਹੀ ਸਾਂ ਪਰ ਇਸ ਮਹਾਨਤਾ ਦਾ ਸੁਨੇਹਾ ਬਾਹਰ ਵੀ ਪੁੱਜਿਆ।

ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ' ਪੰਜਾਬੀ ਸਾਹਿਤ ਦੀ ਇਕ ਸ਼ਾਹਕਾਰ ਕਿਰਤ ਹੈ। ਇਸ ਦਾ ਨਾਟਕੀ ਰੂਪ ਭਾਵੇਂ ਪੂਰੀ ਸਫਲਤਾ ਨਾਲ ਸਾਡੇ ਵਲੋਂ ਅੰਮ੍ਰਿਤਸਰ ਵਿਚ ਖੇਡਿਆ ਗਿਆ ਪਰ ਮੈਂ ਖੁਦ ਮਹਿਸੂਸ ਕੀਤਾ ਕਿ ਨਾਵਲ ਨਾਲ ਪੂਰਾ ਇਨਸਾਫ ਨਹੀਂ ਹੋਇਆ ਪਰ ਇਸੇ ਨਾਟਕ ਵਿਚ ਕੁਝ ਸੋਧਾਂ ਕਰ ਕੇ ਸਾਡੇ ਹੀ ਕਲਾਕਾਰ ਬੁੱਧ ਸਿੰਘ (ਅੰਮ੍ਰਿਤਪਾਲ) ਨੇ ਜਦੋਂ ਬੰਬਈ ਖੇਡਿਆ ਤਾਂ ਪੰਜਾਬੀ ਨਾਟਕ ਨੂੰ ਵੀ ਮਾਣ ਮਿਲਿਆ ਅਤੇ ਪੰਜਾਬੀ ਸਾਹਿਤ ਦਾ ਨਾਂ ਵੀ ਉਚਾ ਹੋਇਆ। ਅੰਮ੍ਰਿਤਪਾਲ ਵਲੋਂ 'ਲੂਣਾ' ਵੀ ਬੰਬਈ 'ਚ ਸਫਲਤਾ ਨਾਲ ਪੇਸ਼ ਕੀਤਾ ਗਿਆ।

ਇਸ ਦਿਸ਼ਾ ਵਿਚ ਅਗਲਾ ਮੀਲ-ਪੱਥਰ ਡਾ. ਆਤਮਜੀਤ ਦਾ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ', (1983) ਆਉਂਦਾ ਹੈ। ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਵਿਸ਼ਵ ਪ੍ਰਸਿੱਧੀ ਦੀ ਮਾਲਕ ਹੈ। ਡਾ. ਆਤਮਜੀਤ ਸਿੰਘ ਨੇ ਜਦੋਂ ਉਹਨੂੰ ਨਾਟਕ ਦਾ ਰੂਪ ਦਿੱਤਾ ਤਾਂ ਜਿਥੇ ਉਹਨੇ ਉਸ ਕਹਾਣੀ ਦੀ ਰੂਹ ਨੂੰ ਪਕੜਿਆ, ਉਥੇ ਨਾਟਕੀ ਜੁਗਤਾਂ ਵੀ ਐਸੀਆਂ ਵਰਤੀਆਂ ਕਿ ਇਹ ਇਕ ਕਲਾਸਕੀ ਕਿਰਤ ਹੋ ਨਿਬੜਿਆ। 1988 ਵਿਚ ਜਦੋਂ ਇਹ ਨਾਟਕ ਲੁਧਿਆਣਾ ਦੇ ਪੰਜਾਬੀ ਭਵਨ ਵਿਚ ਪਲਸ ਮੰਚ ਦੇ ਮੇਲੇ ਸਮੇਂ ਖੇਡਿਆ ਗਿਆ ਤਾਂ ਪੰਜ ਹਜ਼ਾਰ ਦੀ ਗਿਣਤੀ ਵਿਚ ਹਾਜ਼ਰ ਲੋਕਾਂ ਨੇ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਔਰਤਾਂ ਸਨ ਅਤੇ ਸਨਅਤੀ ਮਜ਼ਦੂਰ ਵੀ ਸਨ, ਮੰਟੋ ਦੀ ਮਹਾਨਤਾ ਨੂੰ ਪਛਾਣਿਆ। ਡਾ. ਆਤਮਜੀਤ ਨੂੰ ਅਤੇ ਉਹਦੇ ਰਾਹੀਂ ਨਾਟਕ ਦੀ ਸ਼ਕਤੀ ਨੂੰ ਪਛਾਣਿਆ। ਪੰਜਾਬ ਦੇ ਅਤਿਵਾਦ ਦੇ ਦੌਰ ਦਾ ਇਹ ਇਕ ਬਹੁਤ ਹੀ ਅਹਿਮ ਨਾਟਕ ਹੈ ਜੋ ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਪੇਸ਼ ਕਰਦਾ ਧਾਰਮਿਕ ਮੂਲਵਾਦੀਆਂ ਉਤੇ ਜ਼ੋਰਦਾਰ ਸੱਟ ਮਾਰਦਾ ਹੈ ਅਤੇ ਇਕ ਮਾਨਵਵਾਦੀ ਸੁਨੇਹਾ ਦਿੰਦਾ ਹੈ।

ਸਾਹਿਤ ਅਤੇ ਨਾਟਕ ਦੇ ਆਪਸੀ ਡੂੰਘੇ ਰਿਸ਼ਤੇ ਨੂੰ ਕਾਇਮ ਕਰਨ ਵਿਚ ਕੇਵਲ ਧਾਲੀਵਾਲ ਦੀ ਨਾਟਕ ਖੇਤਰ ਵਿਚ ਆਮਦ ਇਕ ਅਹਿਮ ਪੜਾਅ ਹੈ। ਕੇਵਲ ਨੇ ਪਾਸ਼ ਦੀ ਕਵਿਤਾ ਅਤੇ ਪਾਤਰ ਦੀ ਕਵਿਤਾ ਨੂੰ ਆਧਾਰ ਬਣਾ ਕੇ ਨਾਟਕੀ ਪੇਸ਼ਕਾਰੀਆਂ ਡੀਜ਼ਾਇਨ ਕੀਤੀਆਂ। ਇਨ੍ਹਾਂ ਕਵੀਆਂ ਦੀਆਂ ਕਿਰਤਾਂ ਸਾਧਾਰਨ ਲੋਕਾਂ ਤਕ ਪੁੱਜੀਆਂ। ਹਰਦੀਪ ਗਿੱਲ ਵਰਗੇ ਅਦਾਕਾਰਾਂ ਦੀ ਅਦਾਕਾਰੀ ਦੀ ਸ਼ਕਤੀ ਉਭਰ ਕੇ ਸਾਹਮਣੇ ਆਈ। ਕੇਵਲ ਨੇ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ ਨੂੰ ਪੇਸ਼ ਕਰ ਕੇ ਔਰਤ ਦੀ ਤ੍ਰਾਸਦੀ ਬੜੀ ਸ਼ਿੱਦਤ ਨਾਲ ਪੇਸ਼ ਕੀਤੀ। ਇਸ ਨਾਵਲ ਦਾ ਨਾਟਕੀ ਰੂਪਾਂਤਰ ਡਾ. ਸਾਹਿਬ ਸਿੰਘ ਦੀ ਕਲਮ ਤੋਂ ਸੀ। ਡਾ. ਸਾਹਿਬ ਸਿੰਘ ਨੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਕਿਹਰੂ ਦਸ ਨੰਬਰੀ' ਨੂੰ ਵੀ ਨਾਟਕ ਦਾ ਰੂਪ ਦਿੱਤਾ ਅਤੇ ਪਿਛਲੇ ਸਾਲ ਦਿੱਲੀ ਜਦੋਂ ਇਸ ਨਾਟਕ ਦਾ ਮੰਚਨ ਹੋਇਆ ਤਾਂ ਡਾ. ਸਾਹਿਬ ਸਿੰਘ ਦਾ ਨਾਂ ਇਕ ਨਾਟਕਕਾਰ ਦੀ ਹੈਸੀਅਤ ਵਿਚ ਪੂਰੀ ਤਰ੍ਹਾਂ ਕਾਇਮ ਹੋਇਆ। ਕੇਵਲ ਧਾਲੀਵਾਲ ਵਲੋਂ ਰਾਮ ਸਰੂਪ ਅਣਖੀ ਦੇ ਨਾਵਲ 'ਪ੍ਰਤਾਪੀ' ਦਾ ਸਫਲ ਮੰਚਣ ਵੀ ਨਾਟਕ-ਕਲਾ ਦੀ ਇਕ ਪ੍ਰਾਪਤੀ ਹੈ। ਭੀਸ਼ਮ ਸਾਹਨੀ ਦੇ ਨਾਵਲ 'ਤਮਸ' ਦੀ ਟੀ. ਵੀ. ਪੇਸ਼ਕਾਰੀ ਨੇ ਬੜਾ ਨਾਂ ਖੱਟਿਆ ਪਰ ਦਿਲਬੀਰ ਸਿੰਘ ਵਲੋਂ ਇਹਦੀ ਟੈਗੋਰ ਥੀਏਟਰ ਵਿਚ ਪੇਸ਼ਕਾਰੀ ਇਕ ਯਾਦਗਾਰੀ ਪੇਸ਼ਕਾਰੀ ਸੀ।

ਸਾਹਿਤਕ ਕਿਰਤਾਂ ਹੁਣ ਨੌਜਵਾਨ ਨਾਟਕ ਨਿਰਦੇਸ਼ਕਾਂ ਦਾ ਧਿਆਨ ਖਿੱਚ ਰਹੀਆਂ ਹਨ। ਇਨ੍ਹਾਂ ਨੌਜਵਾਨਾਂ ਵਿਚ ਉਹ ਨਿਰਦੇਸ਼ਕ ਵੀ ਸ਼ਾਮਲ ਹਨ ਜੋ ਹਾਲੀਂ ਨਾਟਕ-ਕਲਾ ਦੇ ਵਿਦਿਆਰਥੀ ਹਨ। ਨੈਸ਼ਨਲ ਸਕੂਲ ਆਫ ਡਰਾਮਾ ਵਲੋਂ ਹੁਣੇ ਹੁਣੇ ਇਕ ਨਾਟਕ ਮੇਲਾ ਹੋਇਆ ਹੈ, ਜਿਸ ਵਿਚ 'ਲਿਹਾਫ' ਵਰਗੀਆਂ ਕਹਾਣੀਆਂ ਨੂੰ ਲਿਆ ਗਿਆ। 'ਲਿਹਾਫ' ਕਹਾਣੀ ਔਰਤ ਦੇ ਸਮਲਿੰਗ ਵਿਸ਼ੇ ਦੀ ਕਹਾਣੀ ਹੈ। ਇਸਮਤ ਚੁਗਤਾਈ ਦੀ ਇਹ ਕਹਾਣੀ ਕਿਸੇ ਵੇਲੇ ਅਸ਼ਲੀਲ ਸਾਹਿਤ ਵਿਚ ਗਿਣੀ ਗਈ ਸੀ ਪਰ ਇਸੇ ਕਹਾਣੀ ਨੂੰ ਜਦੋਂ ਮੰਚ ਉਤੇ ਪੇਸ਼ ਕੀਤਾ ਗਿਆ ਤਾਂ ਇਹਦੇ ਨਾਟਕ-ਕਲਾ ਦੇ ਨਵੇਂ ਦਿਸਹੱਦੇ ਕਾਇਮ ਕੀਤੇ। ਰਾਜਿੰਦਰ ਸਿੰਘ ਬੇਦੀ ਦੀ ਕਹਾਣੀ 'ਲਾਜਵੰਤੀ' ਵੀ ਇਕ ਨੌਜਵਾਨ ਵਿਦਿਆਰਥੀ ਨਿਰਦੇਸ਼ਕ ਨੇ ਪੇਸ਼ ਕੀਤੀ। ਇਕ ਵੇਸਵਾ ਅਤੇ ਪਤਨੀ ਵਿਚ ਕੋਈ ਫਰਕ ਨਹੀਂ, ਇਕ ਬਾਜ਼ਾਰ ਵਿਚ ਹੈ, ਇਕ ਘਰ ਵਿਚ ਹੈ। ਇਹੋ ਜਿਹੇ ਵਿਸ਼ੇ ਉਤੇ ਨਾਟਕ ਜਦੋਂ ਮੰਚਨ ਕੀਤੇ ਜਾਂਦੇ ਹਨ ਤਾਂ ਦਰਸ਼ਕ ਝੰਜੋੜੇ ਜਾਂਦੇ ਹਨ। ਸਾਹਿਤ ਅਤੇ ਨਾਟਕ ਦਾ ਰਿਸ਼ਤਾ ਕਾਇਮ ਹੁੰਦਾ ਹੈ।

ਨਾਟਕ ਅਤੇ ਸਾਹਿਤ ਦੇ ਇਸੇ ਆਪਸੀ ਰਿਸ਼ਤੇ ਦੀ ਗੱਲ ਕਰਦਿਆਂ ਹੋਇਆਂ ਨਾਟਕ 'ਰਜ਼ਾਈ' ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਵੀਨਾ

ਵਰਮਾ ਦੀ ਇਸ ਬਹੁਚ
ਨਾਟਕੀ ਰੂਪ ਪੰਜਾਬੀ ਯੂਨੀ
ਦੇ ਡਰਾਮਾ ਵਿਭਾਗ
ਨਵਨਿੰਦਰਾ ਬਹਿਲ ਦੀ ਨਿ
ਕੀਤਾ ਗਿਆ। ਸੂਖਮ ਮ
ਇਹ ਕਹਾਣੀ ਇਕ ਐਸੀ
ਜੋ ਆਪਣੇ ਦੋ ਬੱਚਿਆਂ ਨੂੰ
ਪਤੀ ਦੀ ਭਾਲ ਵਿਚ ਭ
ਪੁੱਜਦੀ ਹੈ। ਪਤੀ ਨੇ ਦੂ
ਲਿਆ ਹੈ। ਇਸ ਬੇਆਸ
ਸਾਬਕਾ ਫੌਜੀ ਆਸਰਾ
ਸੁਕੜਦੀ ਇਸ ਔਰਤ
ਰਜ਼ਾਈ ਸਾਂਝੀ ਕਰਦਾ ਹੈ।
ਹੁੰਦਾ ਹੈ। ਇਹ ਰਜ਼ਾਈ
ਉਹਦੀ ਜ਼ਿੰਦਗੀ ਦੀ ਸਾ
ਪੂੰਜੀ ਬਣ ਜਾਂਦੀ ਹੈ। ਜ਼ਿੰਦ
ਔਰਤ ਦੀ ਨੂੰਹ ਘਰ ਵਿਚ
ਫਟੀ-ਪੁਰਾਣੀ ਰਜ਼ਾਈ ਨੂੰ
ਸੁੱਟ ਦਿੰਦੀ ਹੈ। ਨਾਟਕ ਦਾ
ਔਰਤ ਕੂੜੇ ਵਾਲੇ ਡਰੰਮ
ਸ਼ਿੱਦਤ ਨਾਲ ਆਪਣੇ ਆ
ਹੈ। ਇਹ ਨਾਟਕ ਸਾਹਿ
ਸਦੀਵੀ ਰਿਸ਼ਤੇ ਦੀ ਇਕ
ਚੰਗੇ ਤੋਂ ਚੰਗੇ ਨਾਟਕ ਨ
ਨਾਟਕੀ ਕਹਾਣੀ ਕਿੱਥੋਂ

ਪੰਜਾਬੀ ਨਾਟਕ ਦੇ
ਪੰਜਾਬੀ ਸਾਹਿਤ ਦੀਆ
ਕਹਾਣੀਆਂ ਅਤੇ ਨਾਵਲਾਂ
ਰੂਪ ਦਿੱਤਾ ਗਿਆ ਹੈ। ਇ
(ਸਰਵਮੀਤ), ਸਵੇਰੇ
ਸਿੰਘ), ਮਿੱਟੀ ਰੁਦਨ ਕ
ਮਲੂਕਾ (ਸਾਧੂ ਸਿੰਘ ਧ
ਹਨ। ਆਉਣ ਵਾਲੇ ਸਮੇਂ
ਦਾ ਨਾਟਕ 'ਪੰਜ ਨਦ ਦੇ
ਹੋਵੇਗਾ ਜਿਹੜਾ ਮਨਮੋਹ
ਕਹਾਣੀਆਂ ਉਤੇ ਆਧਾਰਿ
ਪਾਠ ਉਹਦੇ ਚੰਗੇ ਨਾਟਕ
ਰੱਖਦਾ ਹੈ। ਇਸੇ ਤਰ੍ਹਾਂ
ਬਲਦੇਵ ਸਿੰਘ ਦੇ ਨਾਵਲ
ਕੰਮ ਕਰ ਰਿਹਾ ਹੈ। ਗੁਲ
'ਖੰਭਾਂ ਵਾਲੀ ਕੁੜੀ' ਉਤੇ
ਵਲੋਂ 15 ਜੁਲਾਈ ਨੂੰ ਟੈ
ਰਿਹਾ ਹੈ।

ਸਾਹਿਤ ਦੇ ਹੋਰ ਰੂਪਾਂ
ਨਾਟਕ ਪੰਜਾਬੀ ਨਾਟਕ ਲ
ਹੁੰਦੇ ਹਨ ਜਾਂ ਪੰਜਾਬੀ ਨਾ
ਰੁਕਾਵਟ ਬਣਦੇ ਹਨ, ਇ
ਸਮਾਂ ਹੀ ਦੱਸੇਗਾ ਪਰ
ਇਨਕਾਰ ਨਹੀਂ ਕਰ ਸ
ਸਾਹਿਤ ਦਾ ਇਕ ਸਦੀਵ
ਰਿਸ਼ਤਾ ਕਾਇਮ ਰਹੇ, ਇ
ਜ਼ਰੂਰ ਵਰਦਾਨ ਹੈ।